**Asian Educational Institute**
**(An Autonomous College)**
**ਪੇਪਰ - ਪੰਜਾਬੀ ਲਾਜ਼ਮੀ**

**PAPER: PUNJABI COMPULSORY**
**ਬੀ. ਏ. ਭਾਗ- ਪਹਿਲਾ, ਸਮੈਸਟਰ ਪਹਿਲਾ**
**ਵਿਸ਼ਾ ਕੋਡ PBI COM (01)**
**ACADEMIC SESSION 2026-27,2027-28**

ਕੁੱਲ ਅੰਕ 100
ਅੰਦਰੂਨੀ ਮੁਲਾਂਕਣ 30
ਬਾਹਰੀ ਪ੍ਰੀਖਿਆ 70 ਅੰਕ
**ਸਮਾਂ: 3 ਘੰਟੇ**

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ 35
ਅੰਕ ਅਧਿਆਪਨ 06 ਪੀਰੀਅਡ ਪ੍ਰਤੀ ਹਫਤਾ
ਕੁੱਲ 04 ਕ੍ਰੈਡਿਟ

**ਪਾਠਕ੍ਰਮ ਅਤੇ ਪਾਠ ਪੁਸਤਕਾਂ**

**ਭਾਗ - ੳ**

ਭਾਗ - **ੳ 1** ਕਹਾਣੀ ਕੀ ਹੁੰਦੀ ਹੈ? 12 ਅੰਕ

ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਦੀ ਬਣਤਰ ਅਤੇ ਆਪਸੀ ਵਖਰੇਵਾਂ

**ਭਾਗ ੳ-2** ਕਥਾ ਰੰਗ, ਸੰਪਾ. ਵਰਿਆਮ ਸਿੰਘ ਸੰਧੂ ਅਤੇ ਡਾਕਟਰ ਬਲਦੇਵ ਸਿੰਘ ਚੀਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ (ਅਧਿਆਪਕ ਵਿਦਿਆਰਥੀਆਂ ਨੂੰ ਕਹਾਣੀ ਦੇ ਸਾਰ, ਤੱਤ ਵਿਸ਼ੇ ਬਾਰੇ ਦੱਸੇਗਾ ਅਤੇ ਕਹਾਣੀ ਦੀ ਸਾਹਿਤਕ ਕਲਾ ਬਾਰੇ ਜਾਣੂ ਕਰਵਾਏਗਾ ਅਤੇ ਨਾਲ ਹੀ ਉਹਨਾਂ ਨੂੰ ਇਨ੍ਹਾਂ ਬਾਰੇ ਆਪਣੇ ਵਿਚਾਰ ਬਣਾਉਣ ਅਤੇ ਆਪਣਾ ਸਿਰਜਣਾਤਮਕ ਹੁੰਗਾਰਾ ਸਿਰਜਣ ਲਈ ਪ੍ਰੇਰਿਤ ਕਰੇਗਾ)। 12 ਅੰਕ

**ਭਾਗ - ਅ**

ਭਾਗ-**ਅ 1** ਪੰਜਾਬੀ ਲਿਖਣ ਕਲਾ, ਹੇਠ ਲਿਖੇ ਰੂਪਾਂ ਦਾ ਸਰੂਪ, ਆਪਸੀ ਨਿਖੇੜਾ ਅਤੇ ਵਿਹਾਰਕ ਅਭਿਆਸ

(1) ਪੈਰ੍ਹਾ (2) ਮਿਡਲ (3) ਅਖ਼ਬਾਰੀ ਲੇਖ (4) ਲੇਖ (5) ਪ੍ਰੈਸ ਰਿਪੋਰਟ (6) ਖ਼ਬਰ 12 ਅੰਕ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦੇ ਤੌਰ ਤੇ ਵਿਦਿਆਰਥੀਆਂ ਨੂੰ ਇਨ੍ਹਾਂ ਰੂਪਾਂ ਨਾਲ ਸਬੰਧਿਤ 50 ਪੰਨਿਆਂ ਦੀ ਸਕਰੈਪ ਬੁੱਕ ਤਿਆਰ ਕਰਨ ਲਈ ਕਿਹਾ ਜਾਵੇਗਾ ਜਿਸ ਵਿੱਚ ਉਹ ਹਰ ਰੂਪ ਨਾਲ ਸਬੰਧਿਤ ਘੱਟ ਤੋਂ ਘੱਟ 4 ਲਿਖਤਾਂ ਲਿਖੇਗਾ ਅਤੇ ਉਸ ਦੇ ਆਧਾਰ ਤੇ ਅਸਾਈਨਮੈਂਟ ਦੇ ਅੰਕ ਲਗਾਏ ਜਾਣਗੇ।

**ਭਾਗ ਅ 2** ਲੇਖ ਰਚਨਾ- ਸਮਕਾਲ ਨਾਲ ਸਬੰਧਿਤ ਸਮਾਜਿਕ ਮਸਲਿਆਂ (ਸਮਾਜਿਕ ਨਿਆਂ, ਲਿੰਗਕ ਬਰਾਬਰੀ, ਧਰਮ-ਨਿਰਪੇਖਤਾ ਅਤੇ ਖੇਤਰਵਾਦ) ਬਾਰੇ, ਸਿੱਖਿਆ ਵਿੱਚ ਮਾਤ ਭਾਸ਼ਾ ਦੇ ਮਹੱਤਵ ਬਾਰੇ, ਵਿਗਿਆਨ ਸਿੱਖਿਆ ਤੇ ਮਾਤਭਾਸ਼ਾ, ਤਕਨੀਕੀ ਵਿਕਾਸ ਅਤੇ ਵਾਤਾਵਰਨ, ਅਜੋਕੀ ਗੀਤਕਾਰੀ ਵਿੱਚ ਹਿੰਸਾ, ਜਾਤਪਾਤ ਅਤੇ ਲੱਚਰਤਾ ਬਾਰੇ, ਸਾਈਬਰ-ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ, ਇੰਟਰਨੈੱਟ ਦੇ ਪਸਾਰ ਦੀਆਂ ਮੁਸ਼ਕਿਲਾਂ, ਤਕਨੀਕੀ ਵਿਕਾਸ ਅਤੇ ਸਮਾਜਿਕ ਆਰਥਿਕ ਪਿਛੇਤਰਾਂ ਦੇ ਸਬੰਧ ਬਾਰੇ, ਆਨਲਾਈਨ ਅਧਿਆਪਨ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਬਾਰੇ, ਸਿੱਖਿਆ ਦੇ ਆਨਲਾਈਨ ਮਾਧਿਅਮ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ, ਸਮਾਜਿਕ-ਮੀਡੀਆ ਦੀਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਬਾਰੇ, ਮੀਡੀਆ ਅਤੇ ਸਭਿਆਚਾਰ ਬਾਰੇ, ਪੰਜਾਬੀ ਸਭਿਆਚਾਰਕ ਵਿਰਾਸਤ ਅਤੇ ਸਭਿਆਚਾਰਕ ਤਬਦੀਲੀ ਬਾਰੇ, ਨੌਜਵਾਨ ਪੀੜ੍ਹੀ ਦੇ ਸੁਪਨੇ ਅਤੇ ਆਦਰਸ਼, ਬੇਰੁਜ਼ਗਾਰੀ ਅਤੇ ਪਰਵਾਸ, ਪੰਜਾਬੀਆਂ ਵਿੱਚ ਪਰਵਾਸ ਦੇ ਰੁਝਾਨ ਦੇ ਕਾਰਣਾਂ ਬਾਰੇ ਨਿਬੰਧ ਰਚਨਾ। 12 ਅੰਕ

APPROVED SYLLABUS
Asian Educational Institute, Patiala

Harjinder
Parmjeet

## ਭਾਗ - ੲ

ਪਾਠਕ੍ਰਮ ਦੇ ਭਾਗ ੳ ਅਤੇ ਭਾਗ ਅ -1 ਦੇ (ਪੰਜਾਬੀ ਲਿਖਣ ਕਲਾ) ਵਾਲੇ ਭਾਗ ਵਿਚੋਂ 11 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। 22 ਅੰਕ

## ਅੰਕ ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ,ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ ਅੱਗੋਂ ੳ ਅਤੇ ਅ ਭਾਗ ਦੇ ਦੋ-ਦੋ ਉਪ-ਭਾਗ ੳ-1, ੳ-2, ਅ-1, ਅ-2 ਬਣਾਏ ਜਾਣ।
3. ਭਾਗ ੳ ਦੇ ਪਹਿਲੇ ਉਪ-ਭਾਗ ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਸਾਹਿਤ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ
4. ਭਾਗ ੳ ਦੇ ਦੂਜੇ ਉਪ-ਭਾਗ ਵਿਚੋਂ ਤਿੰਨ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ਪਾਠਕ ਦਾ ਹੁੰਗਾਰਾ, ਪਾਠਕੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 12 ਅੰਕ
5. ਭਾਗ ਅ ਪਹਿਲੇ ਉਪ-ਭਾਗ ਦੇ ਵਿਚ ਦਰਸਾਏ ਗਏ ਲੇਖਣੀ ਰੂਪਾਂ ਦੇ ਸਰੂਪ ਅਤੇ ਇਨ੍ਹਾਂ ਵਿਚਕਾਰ ਨਿਖੇੜੇ ਬਾਰੇ ਤਿੰਨ ਸਵਾਲ ਪੁੱਛੇ ਜਾਣਗੇ। ਇਨ੍ਹਾਂ ਵਿੱਚੋਂ ਵਿਦਿਆਰਥੀ ਨੂੰ ਕਿਸੇ ਇੱਕ ਸਵਾਲ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 12 ਅੰਕ
6. ਭਾਗ ਅ ਦੇ ਦੂਜੇ ਉਪ-ਭਾਗ ਵਿੱਚ ਦਰਸਾਏ ਵਿਸ਼ਿਆਂ ਵਿੱਚੋਂ ਕਿਸੇ ਵਿਸ਼ੇ ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ (ਤਿੰਨਾਂ ਵਿਚੋਂ ਇੱਕ। 12 ਅੰਕ
7. ਭਾਗ-ੲ ਵਿੱਚ ਭਾਗ ੳ ਅਤੇ ਭਾਗ ਅ-1 (ਪੰਜਾਬੀ ਲਿਖਣ-ਕਲਾ) ਵਿਚੋਂ ਸੰਖੇਪ ਉੱਤਰਾਂ ਵਾਲੇ 6 (ਭਾਗ ਅ-1 (ਪੰਜਾਬੀ ਲਿਖਣ ਕਲਾ) ਵਿਚੋਂ 5 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11x2 = 22

## ਸਹਾਇਕ ਪਾਠ-ਸਮੱਗਰੀ


1. ਰਜਿੰਦਰ ਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਓਮ ਪ੍ਰਕਾਸ਼ ਵਸਿਸ਼ਟ, ਕੋਸ਼- ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਨੈਨਸੀ, ਪਲਲਿਸ਼ਰਜ ਚੰਡੀਗੜ੍ਹ।
3. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਅਮਰਜੀਤ ਸਿੰਘ ਵੜੈਚ, ਹੁਣ ਤੁਸੀਂ ਖਬਰਾਂ ਸੁਣੋ।



APPROVED SYLLABUS
Asian Educational Institute, Patiala

**Asian Educational Institute**
**(An Autonomous College)**
**ਪੇਪਰ - ਪੰਜਾਬੀ ਲਾਜ਼ਮੀ**
**PAPER: PUNJABI COMPULSORY**
**ਬੀ. ਏ. ਭਾਗ- ਪਹਿਲਾ, ਸਮੈਸਟਰ ਦੂਜਾ**
**ਵਿਸ਼ਾ ਕੋਡ PBI COM (02)**
**ACADEMIC SESSION 2026-27 , 2027-28**

ਕੁਲ ਅੰਕ 100
ਅੰਦਰੂਨੀ ਮੁਲਾਂਕਣ 30
ਬਾਹਰੀ ਪ੍ਰੀਖਿਆ 70 ਅੰਕ
**ਸਮਾਂ: 3 ਘੰਟੇ**

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ 35
ਅੰਕ ਅਧਿਆਪਨ 06 ਪੀਰੀਅਡ ਪ੍ਰਤੀ ਹਫਤਾ
ਕੁੱਲ 04 ਕ੍ਰੈਡਿਟ

**ਪਾਠਕ੍ਰਮ ਅਤੇ ਪਾਠ ਪੁਸਤਕਾਂ**

**ਭਾਗ - ੳ**

ਭਾਗ – ੳ 1 ਸਾਹਿਤਕ ਨਿਬੰਧ, ਲਲਿਤ ਨਿਬੰਧ, ਰੇਖਾ-ਚਿੱਤਰ, ਸੰਸਮਰਣ (ਯਾਦਾਂ), ਡਾਇਰੀ ਦਾ ਸਰੂਪ, ਸਿਧਾਂਤ ਅਤੇ ਆਪਸੀ ਨਿਖੇੜਾ (ਅਧਿਆਪਕ ਇਨ੍ਹਾਂ ਵਾਰਤਕ ਰੂਪਾਂ ਦੀ ਜਾਣ-ਪਛਾਣ ਕਰਵਾਏਗਾ, ਇਨ੍ਹਾਂ ਦੇ ਤੱਤਾਂ, ਲੱਛਣਾਂ ਅਤੇ ਆਪਸੀ ਵਖਰੇਵਿਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਏਗਾ। 12 ਅੰਕ

**ਭਾਗ ੳ-2 ਸੰਪੂਰਨ ਵਾਰਤਕ ਭਾਗ-1** ਗੁਰਬਚਨ, ਕੈਲੀਬਰ, ਪਬਲੀਕੇਸ਼ਨ ਪਟਿਆਲਾ, 2023
(ਨੋਟ – ਇਸ ਪੁਸਤਕ ਵਿਚੋਂ ਪੰਜਾਬ ਪਰਵਾਸ ਪੰਜਾਬ ਭਾਗ ਦੇ ਸਮੁੱਚੇ ਲੇਖ ਪਾਠਕ੍ਰਮ ਦਾ ਹਿੱਸਾ ਹਨ) 12 ਅੰਕ

**ਭਾਗ - ਅ**

**ਭਾਗ-ਅ 1** ਕੋਸ਼ ਸਿਧਾਂਤ, ਸਰੂਪ ਅਤੇ ਵਰਤੋਂ ਹੇਠ ਲਿਖੇ ਕੋਸ਼ਾਂ ਦੇ ਸਰੂਪ, ਇਨ੍ਹਾਂ ਵਿਚਲੇ ਨਿਖੇੜੇ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਸਿਖਲਾਈ ਦਿੱਤੀ ਜਾਵੇਗੀ। (ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਜਾਣਕਾਰੀ ਦੇਵੇਗਾ।)
(1)ਵਿਸ਼ਵ ਕੋਸ਼ (2) ਭਾਸ਼ਾਈ ਸ਼ਬਦ ਕੋਸ਼ (3) ਵਿਸ਼ਾ ਕੋਸ਼ (4) ਸਮਭਾਸ਼ੀ ਕੋਸ਼ (5) ਤਕਨੀਕੀ ਸ਼ਬਦਾਵਲੀ ਕੋਸ਼
(6) ਵਿਕੀਪੀਡੀਆ 12 ਅੰਕ

**ਭਾਗ ਅ 2** ਅਖਬਾਰ ਲਈ ਪ੍ਰੈੱਸ ਰਿਪੋਰਟ (ਕਿਸੇ ਸਾਹਿਤਕ, ਸਭਿਆਚਾਰਕ, ਅਕਾਦਮਿਕ ਸਮਾਗਮ, ਕਾਨਫਰੰਸ ਜਾਂ ਸੈਮੀਨਾਰ ਦੀ ਪ੍ਰੈੱਸ ਰਿਪੋਰਟ ਲਿਖਣ ਦੀ ਸਿਖਲਾਈ) ਇਸ ਵਿੱਚ ਅਧਿਆਪਕ ਵੱਖ-ਵੱਖ ਤਰ੍ਹਾਂ ਦੇ ਆਯੋਜਨਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਏਗਾ ਅਤੇ ਇਨ੍ਹਾਂ ਸਮਾਗਮਾਂ ਵਿਚਲੇ ਅੰਤਰ ਨੂੰ ਸਪਸ਼ਟ ਕਰੇਗਾ ਤਾਂ ਕਿ ਵਿਦਿਆਰਥੀ ਉਨ੍ਹਾਂ ਦੀ ਕਲਪਨਾ ਕਰ ਸਕਣ। ਅਧਿਆਪਕ ਇਨ੍ਹਾਂ ਆਯੋਜਨਾਂ ਵਿੱਚ ਵਿਦਿਆਰਥੀਆਂ ਨੂੰ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰੇਗਾ ਅਤੇ ਉਨ੍ਹਾਂ ਨੂੰ ਆਪਣੀ ਅਗਵਾਈ ਵਿੱਚ ਇਨ੍ਹਾਂ ਆਯੋਜਨਾਂ ਵਿੱਚ ਲੈ ਕੇ ਜਾਵੇਗਾ। 12 ਅੰਕ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦਾ ਕਾਰਜ ਪਾਠਕ੍ਰਮ ਦੇ ਇਸ ਭਾਗ ਨਾਲ ਸਬੰਧਿਤ ਕਰਵਾਇਆ ਜਾਵੇਗਾ। ਵਿਦਿਆਰਥੀ ਇੱਕ ਸਕਰੈਪ ਬੁੱਕ ਤਿਆਰ ਕਰੇਗਾ ਜਿਸ ਵਿੱਚ ਉਹ ਪੰਜਾਬੀ ਭਾਸ਼ਾ ਸਾਹਿਤ, ਸਭਿਆਚਾਰ ਲੋਕਧਾਰਾ ਤੋਂ ਇਲਾਵਾ ਆਪਣੇ ਹੋਰ ਅਧਿਐਨ ਵਿਸ਼ਿਆਂ ਨਾਲ ਸਬੰਧਿਤ ਉਪਲੱਬਧ ਕੋਸ਼ੀ ਇੰਦਰਾਜ ਚਿਪਕਾਏਗਾ ਅਤੇ ਜਿੱਥੋਂ ਤੱਕ ਸੰਭਵ ਹੋਵੇ ਖੁਦ ਇੰਦਰਾਜ ਤਿਆਰ ਕਰੇਗਾ। ਅਧਿਆਪਕ ਵਿਦਿਆਰਥੀਆਂ ਨੂੰ ਖੁਦ ਇੰਦਰਾਜ ਤਿਆਰ ਕਰਨਗੇ। ਉਪਰੋਕਤ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਵਿੱਚ ਹਰ ਇੱਕ ਦੇ ਘੱਟ ਤੋਂ ਘੱਟ 4 ਇੰਦਰਾਜ ਸਕਰੈਪ ਬੁੱਕ ਵਿੱਚ ਚਿਪਕਾਏ/ਲਿਖੇ ਜਾਣਗੇ)।

APPROVED SYLLABUS
Asian Educational Institute, Patiala

Harjinder
Palmpreet

## ਭਾਗ - ੲ

ਉਪਰੋਕਤ ਪਾਠਕ੍ਰਮ ਤੇ ਅਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। 22 ਅੰਕ

## ਅੰਕ ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ,ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ ਅੱਗੋਂ ੳ ਅਤੇ ਅ ਭਾਗ ਦੇ ਦੋ-ਦੋ ਉਪ-ਭਾਗ ੳ-1, ੳ-2, ਅ-1, ਅ-2 ਬਣਾਏ ਜਾਣ।
3. ਭਾਗ ੳ -1 ਵਿੱਚੋਂ ਵਾਰਤਕ ਰੂਪਾਂ ਦੇ ਸਰੂਪ ਅਤੇ ਉਨ੍ਹਾਂ ਦੇ ਆਪਸੀ ਨਿਖੇੜੇ ਬਾਰੇ 2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਦੋਵਾਂ ਵਿੱਚੋਂ 1 ਪ੍ਰਸ਼ਨ ਦਾ ਵਿਸਤ੍ਰਿਤ ਉੱਤਰ ਦੇਣਾ ਹੋਵੇਗਾ। 12 ਅੰਕ
4. ਭਾਗ ੳ -2 ਵਿੱਚ ਲਗਾਈ ਗਈ ਪਾਠ-ਪੁਸਤਕ ਵਿੱਚੋਂ ਕਿਸੇ ਇੱਕ ਨਿਬੰਧ ਦਾ ਵਿਸ਼ਾ/ਸਾਰ/ਨਿਬੰਧ ਵਿਚਲੇ ਵਿਚਾਰਾਂ ਬਾਰੇ ਪਾਠਕ ਦਾ ਹੁੰਗਾਰਾ(ਤਿੰਨਾਂ ਵਿੱਚੋਂ 1) 12 ਅੰਕ
5. ਭਾਗ ਅ-1 ਵਿੱਚੋਂ ਤਿੰਨ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀ ਨੇ ਤਿੰਨਾਂ ਵਿੱਚੋਂ 1 ਪ੍ਰਸ਼ਨ ਕਰਨਾ ਹੋਵੇਗਾ। ਇਹ ਪ੍ਰਸ਼ਨ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ ਵਿਧੀ ਬਾਰੇ ਹੋਣਗੇ। 12 ਅੰਕ
6. ਭਾਗ ਅ-2 ਵਿੱਚੋਂ ਦਰਸਾਏ ਵਿਸ਼ਿਆਂ ਵਿੱਚੋਂ ਕਿਸੇ ਵਿਸ਼ੇ ਤੇ ਕੋਈ ਕਾਲਪਨਿਕ ਆਯੋਜਨ ਦਾ ਵੇਰਵਾ ਦੇ ਕੇ ਪ੍ਰੈੱਸ ਰਿਪੋਰਟ ਲਿਖਣ ਲਈ ਕਿਹਾ ਜਾਵੇਗਾ। (ਤਿੰਨਾਂ ਵਿੱਚੋਂ 1) 12 ਅੰਕ
7. ਭਾਗ-ੲ ਵਿੱਚ ਪਾਠਕ੍ਰਮ ਦੇ ਭਾਗ ੳ ਦੇ ਦੋਵੇਂ ਭਾਗਾਂ ਅਤੇ ਭਾਗ ਅ-1 (ਕੋਸ਼ ਸਿਧਾਂਤ ਸਰੂਪ ਤੇ ਵਰਤੋਂ) ਵਾਲੇ ਭਾਗ ਵਿਚੋਂ ਸੰਖੇਪ ਉੱਤਰਾਂ ਵਾਲੇ 11 (ਭਾਗ ੳ ਵਿਚੋਂ 6 ਅਤੇ ਭਾਗ ਅ ਵਿਚੋਂ 5 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11x2 = 22

## ਸਹਾਇਕ ਪਾਠ-ਸਮੱਗਰੀ


1. ਰਜਿੰਦਰ ਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਅਬਨਾਸ਼ ਕੌਰ, ਪੰਜਾਬੀ ਰੇਖਾ-ਚਿੱਤਰ ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. ਸਤਿੰਦਰ ਸਿੰਘ, ਵਿਹਾਰਕ ਸਮੀਖਿਆ-ਕਵਿਤਾ ਅਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਪਰਮਿੰਦਰ ਸਿੰਘ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ।



APPROVED SYLLABUS
Asian Educational Institute, Patiala


Harjinder
Parmjeet